# ਨਾਂਵ ਦੀ ਪਰਿਭਾਸ਼ਾ

ਕਿਸੇ ਵਿਅਕਤੀ, ਜੀਵ, ਥਾਂ, ਵਸਤੂ, ਹਾਲਤ, ਗੁਣ, ਭਾਵ, ਕੰਮ ਆਦਿ ਲਈ ਵਰਤੇ ਜਾਣ ਵਾਲੇ ਸ਼ਬਦਾਂ ਨੂੰ ਨਾਂਵ ਕਿਹਾ ਜਾਂਦਾ ਹੈ, ਜਿਵੇਂ :- ਸੁਰਜੀਤ ਸਿੰਘ, ਮੁੰਡਾ, ਕੁੜੀ, ਪੁਲਿਸ, ਦਿੱਲੀ, ਪਟਿਆਲਾ, ਪੈੱਨ ਕਮਰਾ, ਧੁੱਪ, ਛਾਂ, ਅਰਦਾਸ ਆਦਿ।



**ਪੁਲਿਸ**



ਕਮਰਾ



ਅਰਦਾਸ



ਪੈੱਨ

# ਨਾਂਵ ਦੀਆਂ ਕਿਸਮਾਂ

**ਅਰਥ ਦੇ ਪੱਖ ਤੋਂ ਨਾਂਵ-ਸ਼ਬਦ ਪੰਜ ਪ੍ਰਕਾਰ ਦੇ ਹੁੰਦੇ ਹਨ :**

**1. ਨਿੱਜਵਾਚਕ ਨਾਂਵ/ ਖਾਸ ਨਾਂਵ**

**2. ਜਾਤੀਵਾਚਕ ਨਾਂਵ/ ਆਮ ਨਾਂਵ**


**3. ਸਮੂਹਵਾਚਕ ਨਾਂਵ/ ਇਕੱਠਵਾਚਕ ਨਾਂਵ**

**4.ਪਦਾਰਥ ਵਾਚਕ ਨਾਂਵ/ ਵਸਤੂਵਾਚਕ ਨਾਂਵ**

**5. ਭਾਵਵਾਚਕ ਨਾਂਵ**

## 1. ਨਿੱਜਵਾਚਕ ਨਾਂਵ/ ਖਾਸ ਨਾਂਵ :


**ਜਿਹੜੇ ਸ਼ਬਦ ਤੋਂ ਸਾਨੂੰ ਕਿਸੇ ਖ਼ਾਸ ਵਿਅਕਤੀ, ਖਾਸ ਜੀਵ, ਖ਼ਾਸ ਥਾਂ ਜਾਂ ਖ਼ਾਸ ਵਸਤੂ ਦਾ ਗਿਆਨ ਹੁੰਦਾ ਹੈ, ਉਸ ਨੂੰ ਨਿੱਜਵਾਚਕ ਜਾਂ ਖ਼ਾਸ ਨਾਂਵ ਆਖਦੇ ਹਨ : ਜਿਵੇਂ :- ਸ੍ਰੀ ਅੰਮ੍ਰਿਤਸਰ ਸਾਹਿਬ, ਚੰਡੀਗੜ੍ਹ, ਦਿੱਲੀ, ਗੁਰੂ ਨਾਨਕ ਦੇਵ ਜੀ, ਸਟੇਟ ਬੈਂਕ ਆਫ਼ ਇੰਡੀਆ, ਚੰਦ, ਸੂਰਜ, ਆਦਿ**



## ਸ੍ਰੀ ਅੰਮ੍ਰਿਤਸਰ ਸਾਹਿਬ




ਚੰਡੀਗੜ੍ਹ



ਗੁਰੂ ਨਾਨਕ ਦੇਵ ਜੀ



ਸੂਰਜ

## 2. ਜਾਤੀਵਾਚਕ ਨਾਂਵ/ ਆਮ ਨਾਂਵ :

ਜਿਹੜੇ ਸ਼ਬਦਾਂ ਤੋਂ ਜੀਵਾਂ ਅਤੇ ਗਿਣਨਯੋਗ ਵਸਤੂਆਂ ਦੀ ਸਾਰੀ ਸ਼੍ਰੇਣੀ ਜਾਂ ਜਾਤੀ ਅਤੇ ਉਸ ਸ਼੍ਰੇਣੀ ਦੇ ਹਰੇਕ ਜੀਵ ਜਾਂ ਵਸਤੂ ਦਾ ਗਿਆਨ ਹੋਵੇ, ਉਸ ਨੂੰ ਜਾਤੀਵਾਚਕ ਨਾਂਵ ਜਾਂ ਆਮ ਨਾਂਵ ਆਖਦੇ ਹਨ, ਜਿਵੇਂ :-

ਭੈਣ, ਮੁੰਡਾ, ਗਾਂ, ਦਰਿਆ, ਪੁਸਤਕ, ਫੁੱਲ, ਅਧਿਆਪਕ ਆਦਿ।



ਗਾਂ



ਫੁੱਲ





**ਅਧਿਆਪਕ**



ਦਰਿਆ

## 3. ਸਮੂਹਵਾਚਕ ਨਾਂਵ/ ਇਕੱਠਵਾਚਕ ਨਾਂਵ :

**ਜਿਹੜਾ ਸ਼ਬਦ ਵਿਅਕਤੀਆਂ ਜੀਵਾਂ ਜਾਂ ਗਿਣੀਆਂ ਜਾਣ ਵਾਲੀਆਂ ਵਸਤਾਂ ਦੇ ਇਕੱਠ ਜਾਂ ਸਮੂਹ ਲਈ ਵਰਤਿਆ ਜਾਵੇ, ਉਸ ਨੂੰ ਸਮੂਹਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ ਫ਼ੌਜ, ਟੀਮ, ਸ਼੍ਰੇਣੀ, ਜੰਞ, ਟੋਲੀ, ਜਥਾ, ਢੇਰ ਆਦਿ।**



ਫ਼ੌਜ



ਜੰਞ




ਟੀਮ



ਸ਼੍ਰੇਣੀ

### 4. ਪਦਾਰਥਵਾਚਕ ਨਾਂਵ/ ਵਸਤੂਵਾਚਕ ਨਾਂਵ :

**ਜਿਹੜੇ ਸ਼ਬਦ ਤੋਂ ਕਿਸੇ ਤੋਲੇ, ਮਿਣੇ ਜਾਂ ਹਾੜੇ ਜਾ ਸਕਣ ਵਾਲੇ ਸ਼ਬਦ ਦਾ ਗਿਆਨ ਹੋਵੇ, ਉਸ ਨੂੰ ਪਦਾਰਥਵਾਚਕ ਜਾਂ ਵਸਤੂਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ :- ਪੱਥਰ, ਗੁੜ, ਦੁੱਧ, ਸੋਨਾ, ਲੋਹਾ, ਕਣਕ, ਚੌਲ, ਆਦਿ।**

ਦੁੱਧ




ਦੁੱਧ



ਲੋਹਾ




ਸੋਨਾ



ਚੌਲ

## 5. ਭਾਵਵਾਚਕ ਨਾਂਵ:

ਜਿਹੜੇ ਸ਼ਬਦ ਤੋਂ ਕਿਸੇ ਗੁਣ, ਹਾਲਤ, ਭਾਵ ਆਦਿ ਦਾ ਗਿਆਨ ਹੋਵੇ, ਉਸ ਨੂੰ ਭਾਵਵਾਚਕ ਨਾਂਵ ਕਿਹਾ ਜਾਂਦਾ ਹੈ। ਜਿਨ੍ਹਾਂ ਚੀਜ਼ਾਂ ਲਈ ਭਾਵਵਾਚਕ ਨਾਂਵ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ, ਵੇਖਿਆ ਜਾਂ ਛੂਹਿਆ ਨਹੀਂ ਜਾ ਸਕਦਾ, ਜਿਵੇਂ :- ਸਿਹਤ, ਗ਼ਰੀਬੀ, ਖੁਸ਼ੀ, ਬਿਮਾਰੀ, ਸੁੱਖ, ਦੁੱਖ, ਬੁੱਢਾਪਾ, ਬਚਪਨ ਆਦਿ।



ਖੁਸ਼ੀ



ਗ਼ਰੀਬੀ



ਦੁੱਖ



ਬੁੱਢਾਪਾ

ਤਿਆਰ ਕਰਤਾ

ਸੰਦੀਪ ਸਿੰਘ

ਪੰਜਾਬੀ ਮਾਸਟਰ

ਸ.ਹ.ਸ.ਭਿੰਡੀ ਔਲਖ (ਅੰਮ੍ਰਿਤਸਰ)